# ਅੱਖਰਾਂ ਅਤੇ ਨੰਬਰਾਂ ਨਾਲ ਖੇਡੋ

ਇਸ ਤਰਹ੍ਹਾਂ ਦੀਆਂ ਕਈ ਖੇਡਾਂ ਹਨ ਜੋ ਤੁਸੀਂ ਅੱਖਰਾਂ ਅਤੇ ਅੰਕਾਂ ਨਾਲ ਖੇਡ ਸਕਦੇ ਹੋ, ਉਨਹ੍ਹਾਂ ਦੇ ਆਕਾਰਾਂ ਅਤੇ ਧੁਨੀਆਂ ਤੋਂ ਉਨਹ੍ਹਾਂ ਨਵੇਂ ਸ਼ਬਦਾਂ ਨੂੰ ਸਿੱਖਣ ਤੱਕ ਜਿਨਹ੍ਹਾਂ ਦਾ ਪਹਿਲਾ ਅੱਖਰ ਸਮਾਨ ਹੁੰਦਾ ਹੈ। ਤੁਸੀਂ ਅਜਿਹੇ ਅੰਕਾਂ ਦੀ ਭਾਲ ਕਰ ਸਕਦੇ ਹੋ ਜੋ ਤੁਹਾਡਾ ਬੱਚਾ ਪਛਾਣੇਗਾ, ਜਿਵੇਂ ਕਿ ਦਰਵਾਜ਼ੇ ਦਾ ਨੰਬਰ ਜਾਂ ਉਨਹ੍ਹਾਂ ਦੀ ਉਮਰ, ਅਤੇ ਦੇਖੋ ਕੀ ਤੁਸੀਂ ਇਨਹ੍ਹਾਂ ਨੰਬਰਾਂ ਨੂੰ ਬੱਸਾਂ, ਦੁਕਾਨਾਂ ਜਾਂ ਸੜਹ੍ਹਕੀ ਚਿੰਨਹ੍ਹਾਂ 'ਤੇ ਦੇਖ ਸਕਦੇ ਹੋ। ਯਾਦ ਰੱਖੋ ਅੱਖਰ ਅਤੇ ਅੰਕ ਹਰ ਥਾਂ ਤੇ ਹਨ!

**ਮੁੱਖ ਸੁਝਾਅ**
ਆਪਣੇ ਬੱਚੇ ਨਾਲ ਉੱਚੀ ਗਿਣਤੀ ਬੋਲੋ - ਪਤਾ ਲਗਾਓ ਕਿ ਮੂਹਰਲੇ ਦਰਵਾਜ਼ੇ ਤੱਕ ਜਾਣ ਲਈ ਤੁਹਾਨੂੰ ਕਿੰਨੇ ਕਦਮ ਚੱਲਣ ਦੀ ਲੋੜ ਹੈ ਜਾਂ ਜਦੋਂ ਤੁਸੀਂ ਕਿਸੇ ਪਾਰਕ ਤੁਰ ਕੇ ਜਾਂਦੇ ਹੋ ਤੁਸੀਂ ਕਿੰਨੇ ਲੈਂਪ ਪੋਸਟਾਂ ਕੋਲੋਂ ਲੰਘਦੇ ਹੋ!

**ਛੋਟੀ ਗੱਲਬਾਤ ਵਾਲੇ ਵਿਚਾਰ**
ਉਨਹ੍ਹਾਂ ਅੱਖਰਾਂ ਬਾਰੇ ਗੱਲ ਕਰੋ ਜੋ ਤੁਹਾਨੂੰ ਅਣਚਾਹੀ ਡਾਕ ਅਤੇ ਪੁਰਾਣੀਆਂ ਮੈਗਜ਼ੀਨਾਂ ਵਿਚ ਮਿਲ ਸਕਦੇ ਹਨ। ਇਨਹ੍ਹਾਂ ਵਿਚੋਂ ਕੁਝ ਅੱਖਰਾਂ ਨੂੰ ਕੱਟ ਲਵੋ ਅਤੇ ਇਕ ਕਲਾਜ਼ ਬਣਾਓ। ਭਾਲ ਕਰੋ ਕੀ ਤੁਸੀਂ ਆਪਣੇ ਬੱਚੇ ਦੇ ਨਾਮ ਦਾ ਪਹਿਲਾ ਅੱਖਰ ਲੱਭ ਸਕਦੇ ਹੋ। ਜੇ ਉਹ ਅਜੇ ਅੱਖਰਾਂ ਦੀ ਪਛਾਣ ਨਹੀਂ ਕਰ ਸਕਦੇ ਤਾਂ ਇਨਹ੍ਹਾਂ ਨੂੰ ਇਕੱਠੇ ਵਾਹੋ ਅਤੇ ਦੇਖੋ ਜਦੋਂ ਤੁਸੀਂ ਬਾਹਰ ਜਾਂਦੇ ਹੋ ਤਾਂ ਕੀ ਤੁਸੀਂ ਇਨਹ੍ਹਾਂ ਨੂੰ ਲੱਭ ਸਕਦੇ ਹੋ।



### 'ਮੈਂ ਪਾਰਕ ਜਾ ਰਿਹਾ/ਰਹੀ ਹਾਂ'

ਪਾਰਕ ਦੇ ਟਰਿ੍ਪ 'ਤੇ ਤੁਸੀਂ ਨਾਲ ਕੀ ਲਿਜਾਓਗੇ ਇਹ ਦੱਸਦਿਆਂ ਵਾਰੀਆਂ ਲੈ ਕੇ ਖੇਡ ਖੇਡੋ। ਨਿਯਮ ਇਹ ਹੈ ਕਿ ਤੁਸੀਂ ਕੇਵਲ 'ਪੀ' (P) ਧੁਨੀ ਵਾਲੀਆਂ ਚੀਜ਼ਾਂ ਲਿਜਾ ਸਕਦੇ ਹੋ (ਉਦਾਹਰਣ ਦੇ ਤੌਰ ਤੇ 'ਮੈਂ ਪਾਰਕ ਜਾ ਰਿਹਾ/ਰਹੀ ਹਾਂ ਅਤੇ ਮੈਂ ਇਕ ਪਿਕਨਿਕ ਤੇ ਜਾ ਰਿਹਾ/ਰਹੀ ਹਾਂ/ਪੈਰਟ/ਪੈਂਸਿਲ ਲਿਜਾ ਰਿਹਾ/ਰਹੀ ਹਾਂ')। ਤੁਸੀਂ ਉਹ ਥਾਂ ਜਿੱਥੇ ਤੁਸੀਂ ਜਾ ਰਹੇ ਹੋ ਉਸਨੂੰ ਬਦਲ ਕੇ ਹੋਰ ਮਜ਼ਾ ਕਰ ਸਕਦੇ ਹੋ (ਉਦਾਹਰਣ ਦੇ ਤੌਰ ਤੇ, ਸਮੁੰਦਰ ਪਾਸੇ ਵੱਲ, ਜਿੱਥੇ ਤੁਸੀਂ ਕੇਵਲ 'ਐਸ' (S) ਨਾਲ ਸ਼ੁਰੂ ਹੁੰਦੀਆਂ ਚੀਜ਼ਾਂ ਲਿਆ ਸਕਦੇ ਹੋ)। ਕੀ ਤੁਸੀਂ ਹਰ ਉਹ ਚੀਜ਼ ਯਾਦ ਕਰ ਸਕਦੇ ਹੋ ਜੋ ਤੁਸੀਂ ਲਿਜਾ ਰਹੇ ਹੋ?

**ਛੋਟੀ ਗੱਲਬਾਤ ਵਾਲੇ ਵਿਚਾਰ**
ਆਪਣੇ ਬੱਚੇ ਦੇ ਸ਼ੁਰੂਆਤੀ ਪਠਨ ਨੂੰ ਉਤਸ਼ਾਹਤ ਕਰਨ ਲਈ, ਅੰਗਰੇਜ਼ੀ ਵਰਣਮਾਲਾ ਦੇ ਨਾਵਾਂ ਦੀ ਥਾਂ ਤੇ ਅੱਖਰ ਦੀਆਂ ਧੁਨੀਆਂ ਦੀ ਵਰਤੋਂ ਕਰੋ। ਜਦੋਂ ਤੁਸੀਂ 'ਮੈਂ ਪਾਰਕ ਜਾ ਰਿਹਾ/ਰਹੀ ਹਾਂ' ਜਾਂ 'ਮੈਂ ਜਾਸੂਸ' ਵਰਗੀਆਂ ਖੇਡਾਂ ਨੂੰ ਇਕੱਠਿਆਂ ਖੇਡਦਿਆਂ ਅੱਖਰਾਂ ਦੀਆਂ ਧੁਨੀਆਂ ਨੂੰ ਵਰਤਣਾ, ਉਨਹ੍ਹਾਂ ਨੂੰ ਸ਼ਬਦਾਂ ਨੂੰ ਪੜਹ੍ਹਨਾ ਸਿੱਖਦਿਆਂ ਉਨਹ੍ਹਾਂ ਨੂੰ ਬੋਲਣ ਵਿਚ ਮਦਦ ਕਰੇਗਾ।

### ਪਲਾਸਟੀਸੀਨ ਜਾਂ ਖੇਡ ਵਾਲੀ ਮਿੱਟੀ ਦੇ ਅੱਖਰ

ਪਲਾਸਟੀਸੀਨ ਜਾਂ ਆਪਣੀ ਖੁਦ ਦੀ ਤਿਆਰ ਕੀਤੀ ਖੇਡ ਵਾਲੀ ਮਿੱਟੀ ਦੇ ਨਾਲ ਇਕੱਠਿਆਂ ਅੱਖਰਾਂ ਦੇ ਆਕਾਰਾਂ ਨੂੰ ਬਣਾ ਕੇ ਦੇਖੋ।

ਇਕੱਠਿਆਂ ਮਿਸ਼ਰਣ ਬਣਾਓ:

- ਸਾਦੇ ਆਟੇ ਦੇ ਦੋ ਕੱਪ
- ਠੰਡੇ ਪਾਣੀ ਦਾ 1/2 ਕੱਪ
- ਸਬਜ਼ੀਆਂ ਵਾਲੇ ਤੇਲ ਦੇ ਤਿੰਨ ਵੱਡੇ ਚਮਚ
- ਇਕ ਵੱਡਾ ਚਮਚ ਨਿੰਬੂ ਦਾ ਰਸ (ਵਿਕਲਪਕ)
- ਤੁਹਾਡੀ ਇੱਛਾ ਅਨੁਸਾਰ ਕੋਈ ਵੀ ਖਾਧ ਸਮੱਗਰੀ ਵਾਲਾ ਰੰਗ ਜਾਂ ਗਿਲਿੱਟਰ

